# ਰਾਜ ਵਿਦਿਅਕ ਖੋਜ ਅਤੇ ਸਿਖਲਾਈ ਪ੍ਰੀਸ਼ਦ ਪੰਜਾਬ

ਪੀ.ਐਸ.ਈ.ਬੀ. ਕੰਪਲੈਕਸ, ਵਿੱਦਿਆ ਭਵਨ, ਬਲਾਕ-ਈ, ਛੇਵੀਂ ਮੰਜਿਲ, ਫੇਜ਼-8, ਮੋਹਾਲੀ,
ਈਮੇਲ: directorscert@punjabeducation.gov.in, ਫੋਨ ਨੰ: 0172-2212221

Azadi Ka Amrit Mahotsav

ਵੱਲ

ਸਮੂਹ ਜਿਲ੍ਹਾ ਸਿੱਖਿਆ ਅਫ਼ਸਰ (ਸੈ.ਸਿ./ਐ.ਸਿ.),
ਸਮੂਹ ਸਕੂਲ ਮੁਖੀ (ਵੈੱਬਸਾਈਟ ਰਾਹੀਂ)
ਪੰਜਾਬ।

ਮੀਮੋ ਨੰ. 668408/SCERT, QP/UP/2024- 157753
ਮਿਤੀ: ਐੱਸ.ਏ.ਐੱਸ. ਨਗਰ, 03-07-2024

ਵਿਸ਼ਾ: **ਗਰਮੀ ਦੀਆਂ ਛੁੱਟੀਆਂ ਉਪਰੰਤ ਮਿਸ਼ਨ ਸਮਰੱਥ ਫੇਜ਼-2 (2024-25) ਦੀਆਂ ਹਦਾਇਤਾਂ ਸੰਬੰਧੀ।**

1.0. ਉਪਰੋਕਤ ਵਿਸ਼ੇ ਵੱਲ ਧਿਆਨ ਦੇਣ ਦੀ ਖੇਚਲ ਕੀਤੀ ਜਾਵੇ।

2.0. ਮਿਸ਼ਨ ਸਮਰੱਥ ਫੇਜ਼-2 ਤਹਿਤ ਗਰਮੀ ਦੀਆਂ ਛੁੱਟੀਆਂ ਉਪਰੰਤ ਜਮਾਤਾਂ ਦੂਜੀ ਤੋਂ ਅੱਠਵੀਂ ਲਈ ਜੁਲਾਈ 2024 ਤੋਂ ਸਤੰਬਰ 2024 ਤੱਕ ਦਾ ਸ਼ਡਿਊਲ ਹੇਠ ਲਿਖੇ ਅਨੁਸਾਰ ਹੋਵੇਗਾ:

| ਜਮਾਤਾਂ | ਜੁਲਾਈ, 2024 | ਅਗਸਤ, 2024 | ਸਤੰਬਰ, 2024 |
|---|---|---|---|
| ਦੂਜੀ ਤੋਂ ਚੌਥੀ | ਮਿਸ਼ਨ ਸਮਰੱਥ ਪਹਿਲਾਂ ਵਾਂਗ ਹੀ ਚਲਾਇਆ ਜਾਵੇਗਾ । | 1. ਮਿਸ਼ਨ ਸਮਰੱਥ ਪਹਿਲੇ ਤਿੰਨ ਘੰਟੇ ਵਿੱਚ ਪਹਿਲਾਂ ਵਾਂਗ ਹੀ ਚਲਾਇਆ ਜਾਵੇਗਾ।<br>2. ਅੱਧੀ ਛੁੱਟੀ ਤੋਂ ਬਾਅਦ ਸਾਰੇ ਵਿਸ਼ਿਆਂ ਦਾ ਸਿਲੇਬਸ ਅਨੁਸਾਰ ਕੰਮ ਕਰਵਾਇਆ ਜਾਵੇਗਾ।<br>3. ਮਿਤੀ 28.08.2024 ਤੋਂ 30.08.2024 ਤੱਕ endline testing ਕੀਤੀ ਜਾਵੇਗਾ। | ਮਿਤੀ 01.09.2024 ਤੋਂ ਪੂਰਾ ਦਿਨ ਸਿਲੇਬਸ ਵੰਡ ਅਨੁਸਾਰ ਪੜ੍ਹਾਇਆ ਜਾਵੇਗਾ ਅਤੇ ਸਤੰਬਰ ਦੇ ਅੰਤਿਮ ਹਫਤੇ ਵਿੱਚ ਟਰਮ ਪ੍ਰੀਖਿਆ ਹੋਵੇਗੀ। |
| ਪੰਜਵੀਂ ਤੋਂ ਅੱਠਵੀਂ | 1.ਮਿਸ਼ਨ ਸਮਰੱਥ ਪਹਿਲਾਂ ਵਾਂਗ ਚਲਾਇਆ ਜਾਵੇਗਾ<br>2.ਮਿਤੀ 29.07.2024 ਤੋ 31.07.2024 ਤੱਕ Endline testing ਕਰਵਾਈ ਜਾਵੇਗੀ।<br>3.ਜਮਾਤਾ ਛੇਵੀਂ ਤੋਂ ਅੱਠਵੀਂ ਦੇ Bi-monthly ਟੈਸਟ ਵੀ endline testing ਦੇ ਨਾਲ-ਨਾਲ ਹੀ ਲੈ ਲਏ ਜਾਣਗੇ। | 1. ਮਿਤੀ 01.08.2024 ਤੋਂ ਛੇਵੀਂ ਤੋਂ ਅੱਠਵੀਂ ਜਮਾਤਾਂ ਦਾ ਸਿਲੇਬਸ ਵੰਡ ਅਨੁਸਾਰ ਗਣਿਤ, ਪੰਜਾਬੀ ਅਤੇ ਅੰਗਰੇਜ਼ੀ ਵਿਸ਼ਿਆਂ ਦਾ ਵੀ ਰੈਗੂਲਰ ਸਿਲੇਬਸ ਸ਼ੁਰੂ ਕਰਵਾਇਆ ਜਾਵੇਗਾ।<br>2. ਮਿਤੀ 01.08.2024 ਤੋਂ ਪੰਜਵੀਂ ਜਮਾਤ ਦੇ ਸਾਰੇ ਵਿਸ਼ਿਆ ਦਾ ਰੈਗੂਲਰ ਸਿਲੇਬਸ ਕਰਵਾਇਆ ਜਾਵੇਗਾ। | ਸਿਲੇਬਸ ਵੰਡ ਅਨੁਸਾਰ ਰੈਗੂਲਰ ਸਿਲੇਬਸ ਕਰਵਾਇਆ ਜਾਵੇਗਾ ਅਤੇ ਸੰਤਬਰ ਦੇ ਅੰਤਮ ਹਫਤੇ ਵਿੱਚ ਜਮਾਤਾ ਪੰਜਵੀਂ ਤੋਂ ਅੱਠਵੀਂ ਲਈ ਟਰਮ ਪ੍ਰੀਖਿਆ ਲਈ ਜਾਵੇਗੀ। |

3.0. ਮਿਤੀ 01.08.2024 ਤੋਂ ਸਾਰੇ ਸਰਕਾਰੀ ਸਕੂਲਾਂ ਵਿੱਚ ਸਾਰੀਆਂ ਜਮਾਤਾਂ ਲਈ ਰੈਗੂਲਰ ਟਾਈਮ ਟੇਬਲ ਸ਼ੁਰੂ ਹੋ ਜਾਵੇਗਾ ਅਤੇ ਪੜ੍ਹਾਈ ਗਰੁਪਿੰਗ ਅਧਾਰਿਤ ਨਾ ਹੋ ਕੇ ਜਮਾਤ ਵਾਈਜ਼ ਸ਼ੁਰੂ ਹੋ ਜਾਵੇਗੀ ਅਤੇ ਹੇਠ ਲਿਖੇ ਪੁਆਇੰਟਸ ਦਾ ਧਿਆਨ ਰੱਖਿਆ ਜਾਵੇ:

3.1. ਪੰਜਵੀਂ ਤੋਂ ਅੱਠਵੀਂ ਜਮਾਤਾਂ ਦੇ ਰੋਜ਼ਾਨਾ ਆਮ ਵਾਂਗ ਟਾਈਮ ਟੇਬਲ ਅਨੁਸਾਰ ਪੀਰੀਅਡ ਲੱਗਣਗੇ। ਪਰ ਇਹਨਾਂ ਜਮਾਤਾਂ ਦੇ ਪੰਜਾਬੀ ਅਤੇ ਮੈਥ ਵਿਸ਼ੇ ਵਿੱਚ Level-1 ਦੇ ਵਿਦਿਆਰਥੀਆਂ ਦੀ ਲਰਨਿੰਗ ਨੂੰ continue ਕਰਨ ਲਈ Remedial Coaching ਕਰਵਾਉਣਾਂ ਯਕੀਨੀ ਬਨਾਇਆ ਜਾਵੇਗਾ ਜਿਸ ਵਿੱਚ Level-1 ਦੇ ਵਿਦਿਆਰਥੀਆਂ ਨੂੰ ਫੋਕਸ ਕਰਕੇ ਪੜ੍ਹਾਇਆ ਜਾਵੇਗਾ, ਜਦਕਿ Level-2 ਅਤੇ Level-3 ਦੇ ਵਿਦਿਆਰਥੀਆਂ ਨੂੰ Learning Outcome based ਵਰਕਸ਼ੀਟਾਂ ਦੀ ਦੁਹਰਾਈ ਕਰਵਾਈ ਜਾਵੇਗੀ।

3.2. ਜਮਾਤਾਂ ਦੂਜੀ ਤੋਂ ਚੌਥੀ ਲਈ ਦੀ ਪੜ੍ਹਾਈ ਵੀ ਜਮਾਤ-ਵਾਈਜ਼ ਕਰਵਾਈ ਜਾਵੇਗੀ ਪਰ ਅਗਸਤ ਮਹੀਨੇ ਵਿੱਚ ਮਿਸ਼ਨ ਸਮਰੱਥ ਤਹਿਤ ਗਤੀਵਿਧੀਆਂ (ਪੁਆਇੰਟ-2.0 ਵਿੱਚ ਦਿੱਤੀ ਸਾਰਣੀ ਅਨੁਸਾਰ) ਕਰਵਾਈਆਂ ਜਾਣਗੀਆਂ।

3.3. ਜਮਾਤਾਂ ਦੂਜੀ ਤੋਂ ਅੱਠਵੀਂ ਲਈ ਸਬੰਧਤ ਵਿਸ਼ਿਆਂ ਦੀ revised Bi-monthly syllabus distribution ਵੱਖਰੇ ਤੌਰ ਤੇ ਭੇਜ ਦਿੱਤੀ ਜਾਵੇਗੀ।

4.0. ਇਹਨਾਂ ਹਦਾਇਤਾਂ ਦੀ ਇੰਨ-ਬਿੰਨ ਪਾਲਣਾ ਕਰਨੀ ਯਕੀਨੀ ਬਣਾਈ ਜਾਵੇ।

(ਅਮਨਿੰਦਰ ਕੌਰ, ਪੀ.ਸੀ.ਐਸ.)
**ਡਾਇਰੈਕਟਰ,**
**ਐਸ.ਸੀ.ਈ.ਆਰ.ਟੀ., ਪੰਜਾਬ।**

**ਪਿਠ ਅੰਕਣ ਨੰ:** —ਓਕ3 — **ਮਿਤੀ:** 03-07-2024

ਉਪਰੋਕਤ ਦਾ ਉਤਾਰਾ ਹੇਠ ਲਿਖਿਆ ਨੂੰ ਸੂਚਨਾ ਹਿਤ ਭੇਜਿਆ ਜਾਂਦਾ ਹੈ:

1. ਨਿ.ਸ./ ਸਕੱਤਰ ਸਕੂਲ ਸਿੱਖਿਆ, ਪੰਜਾਬ
2. ਨਿ.ਸ./ਵਧੀਕ ਸਕੱਤਰ ਸਕੂਲ ਸਿੱਖਿਆ, ਪੰਜਾਬ
3. ਨਿ.ਸ./ਡਾਇਰੈਕਟਰ ਜਨਰਲ ਸਕੂਲ ਸਿੱਖਿਆ, ਪੰਜਾਬ
4. ਨਿ.ਸ./ਡਾਇਰੈਕਟਰ ਸਕੂਲ ਸਿੱਖਿਆ (ਸੈਕੰਡਰੀ), ਪੰਜਾਬ
5. ਨਿ.ਸ./ਡਾਇਰੈਕਟਰ ਸਕੂਲ ਸਿੱਖਿਆ (ਐਲੀਮੈਂਟਰੀ), ਪੰਜਾਬ
6. DM (MIS)- website ਤੇ ਅਪਲੋਡ ਕਰਨ ਲਈ।

(ਅਮਨਿੰਦਰ ਕੌਰ, ਪੀ.ਸੀ.ਐਸ.)
**ਡਾਇਰੈਕਟਰ,**
**ਐਸ.ਸੀ.ਈ.ਆਰ.ਟੀ., ਪੰਜਾਬ।**